# 'ਸਪੋਕਨ ਟਿਊਟੋਰੀਅਲ ਸਾਫ਼ਟਵੇਅਰ ਟ੍ਰੇਨਿੰਗ ਪ੍ਰੋਗਰਾਮ' ਵਿਸ਼ੇ ਉੱਪਰ ਵਰਕਸ਼ਾਪ

## ਸੰਚਾਰ ਤਕਨਾਲੌਜੀ ਵਿੱਚ ਕੰਪਨੀਆਂ ਦੀ ਅਜ਼ਾਰੇਦਾਰੀ ਖ਼ਤਮ ਕਰ ਸਕਦੇ ਹਨ ਓਪਨ ਸੋਰਸਿਜ਼ ਸਾਫ਼ਟਵੇਅਰ

ਪੱਤਰ ਪ੍ਰੇਰਕ

**ਪਟਿਆਲਾ, 18 ਅਕਤੂਬਰ**
ਪੰਜਾਬੀ ਪੀਡੀਆ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਆਈ.ਆਈ.ਟੀ. ਬੰਬਈ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ ਦੇ ਸੈਮੀਨਾਰ ਹਾਲ ਵਿੱਚ 'ਸਪੋਕਨ ਟਿਊਟੋਰੀਅਲ ਸਾਫ਼ਟਵੇਅਰ ਟ੍ਰੇਨਿੰਗ ਪ੍ਰੋਗਰਾਮ' ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ। ਇਸ ਵਿੱਚ ਵੱਖ ਵੱਖ ਵਿਭਾਗਾਂ ਅਤੇ ਕਾਲਜਾਂ ਤੋਂ ਆਏ 29 ਅਧਿਆਪਕਾਂ ਨੇ ਹਿੱਸਾ ਲਿਆ।



ਵਰਕਸ਼ਾਪ ਵਿੱਚ ਪ੍ਰਧਾਨਗੀ ਸ਼ਬਦ ਸਾਂਝੇ ਕਰਦੇ ਹੋਏ ਡਾ. ਦਵਿੰਦਰ ਸਿੰਘ। -ਫੋਟੋ ਅਕੀਦਾ

ਡਾ. ਦੇਵਿੰਦਰ ਸਿੰਘ, ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਆਪਣੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਵਚਨਬੱਧ ਹੈ ਤੇ ਇਸੇ ਪ੍ਰਸੰਗ ਵਿੱਚ ਇਹ ਵਰਕਸ਼ਾਪ ਉਲੀਕੀ ਗਈ ਹੈ। ਡਾ. ਰਾਜਿੰਦਰਪਾਲ ਸਿੰਘ ਬਰਾੜ, ਐਡੀਸ਼ਨਲ ਡੀਨ ਕਾਲਜਾਂ ਨੇ ਅਧਿਆਪਨ ਦੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਿਵੇਂ ਸਪੋਕਨ ਟਿਊਟੋਰੀਅਲ ਰਾਹੀਂ ਇੱਕ ਚੰਗੇ ਅਧਿਆਪਕ ਦੇ ਵਿਚਾਰ ਵਧੇਰੇ ਖੇਤਰ ਵਿੱਚ ਫੈਲਾਏ ਜਾ ਸਕਦੇ ਹਨ। ਡਾ. ਕੁਲਦੀਪ ਸਿੰਘ, ਐਜੂਕੇਸ਼ਨ ਵਿਭਾਗ ਨੇ ਮਨੁੱਖੀ ਜ਼ਿੰਦਗੀ ਵਿੱਚ ਸੰਚਾਰ ਤਕਨਾਲੋਜੀ ਦੇ ਮਹੱਤਵ ਬਾਰੇ ਚਾਨਣਾ ਪਾਇਆ। ਡਾ. ਰਾਜਵਿੰਦਰ ਸਿੰਘ, ਪੰਜਾਬੀ ਵਿਭਾਗ ਨੇ ਵਰਕਸ਼ਾਪ ਦੀ ਸੰਖੇਪ ਰੂਪ ਰੇਖਾ ਦੱਸੀ। ਉਨ੍ਹਾਂ ਦੱਸਿਆ ਕਿ ਸੰਚਾਰ ਤਕਨਾਲੋਜੀ ਦੇ ਖੇਤਰ ਵਿੱਚ ਕੁਝ ਵਿਸ਼ੇਸ਼ ਅਪਰੇਟਿੰਗ ਸਿਸਟਮ ਤੇ ਸਾਫ਼ਟਵੇਅਰ ਨਾਲ ਜੁੜੀਆਂ ਕੰਪਨੀਆਂ ਦੀ ਅਜ਼ਾਰੇਦਾਰੀ ਖ਼ਤਮ ਕਰਨ ਵਿੱਚ ਓਪਨ ਸੋਰਸਿਜ਼ ਸਾਫ਼ਟਵੇਅਰ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ।

ਇੰਜਨੀਅਰ ਤਨਵੀਰ ਸਿੰਘ ਨੇ ਇਸ ਸਪੋਕਨ ਟਿਊਟੋਰੀਅਲ ਸਮੱਗਰੀ ਦੇ ਇਸਤੇਮਾਲ ਤੇ ਇਸ ਵਿੱਚ ਯੋਗਦਾਨ ਪਾਉਣ ਬਾਰੇ ਦੱਸਿਆ। ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਸਿੰਘ ਸੈਣੀ ਨੇ ਵਰਕਸ਼ਾਪ ਵਿੱਚ ਪੁੱਜੀਆਂ ਸਮੂਹ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਵਰਕਸ਼ਾਪ ਦਾ ਆਯੋਜਨ ਇੱਕ ਨਵਾਂ ਤਜਰਬਾ ਹੈ ਕਿਉਂਕਿ ਅਸੀਂ ਜਿਹੜੇ ਸਾਫ਼ਟਵੇਅਰ ਵਰਤਣ ਦੇ ਆਦੀ ਹੋ ਚੁੱਕੇ ਹਾਂ, ਉਨ੍ਹਾਂ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੈ ਪਰ ਜੇ ਅਜਿਹੇ ਉਪਰਾਲੇ ਲਗਾਤਾਰ ਕੀਤੇ ਜਾਣ ਤਾਂ ਇਹ ਸੰਭਵ ਹੋ ਸਕਦਾ ਹੈ। ਵਰਕਸ਼ਾਪ ਦੌਰਾਨ ਇੰਜਨੀਅਰ ਚਰਨਜੀਵ ਸਿੰਘ, ਡਾ. ਬੂਟਾ ਸਿੰਘ ਬਰਾੜ, ਰਿਜਨਲ ਸੈਂਟਰ ਬਠਿੰਡਾ ਆਦਿ ਹਾਜ਼ਰ ਸਨ।


THANK YOU!    QUESTIONS?


ECO Mode: User
Speaker: Off



